ਮੁਖਵਾਕ ਨੰਬਰ ੫੪ [ਆਦਿ ਅੰਗ ੬੧੩]

***ਸੋਰਠਿ ਮਹਲਾ ੫ ਘਰੁ ੨ ॥ ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥ ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥ ਮਾਧੌ ਤੂ ਠਾਕੁਰੁ ਸਿਰਿ ਮੋਰਾ ॥ ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥ ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥ ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥੨॥ ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥ ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥੩॥ ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥ ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥੪॥੭॥੧੮॥***

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸੋਰਠਿ ਰਾਗਣੀ ਅੰਦਰ ਰਾਗ ਦੇ ਦੂਸਰੇ ਸੁਰ ਤਾਲ ਵਿੱਚ ਇਹ ਅੰਮ੍ਰਿਤ ਬਚਨ ਉਚਾਰਦੇ ਹਨ :—

## ***ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥***

ਰਹਾਉ ਵਾਲੀ ਪੰਗਤੀ ਵਿੱਚ ਉਪਦੇਸ਼ ਬਖ਼ਸ਼ਦੇ ਹਨ ਕਿ ਲੋਕ ਪ੍ਰਲੋਕ ਵਿੱਚ ਪ੍ਰਭੂ ਦਾ ਹੀ ਧੋਰਾ=ਆਸਰਾ ਹੈ। ਉਸਦੇ ਆਸਰੇ ਨਾਲ ਹੀ ਸੰਸਾਰ ਸਮੁੰਦਰ ਵਿਚੋਂ ਮੁਕਤੀ ਰੂਪੀ ਕਿਨਾਰੇ 'ਤੇ ਚੜ੍ਹੀਦਾ ਹੈ, ਹੋਰ ਮਾਤਾ ਪਿਤਾ ਸੰਬੰਧੀਆਂ ਦੇ ਆਸਰੇ ਸਾਰੇ ਝੂਠੇ ਹਨ :—

ਯਥਾ— **ਜਨਨਿ ਪਿਤਾ ਲੋਕੁ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥**

[ਗੂਜਰੀ ਮਹਲਾ ੫, ਅੰਗ ੧੦]

ਜਿਸ ਪ੍ਰਮੇਸ਼ਰ ਨੇ ਸਭ ਮਾਇਕੀ ਰਚਨਾ ਰਚ ਕੇ ਆਪਣੇ ਆਸਰੇ ਰੱਖੀ ਹੋਈ ਹੈ।

**ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥**
**ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥** [ਬਿਹਾਗੜਾ ਮਹਲਾ ੯, ਅੰਗ ੫੩੭]

**ਮਾਧੋ ਤੂ ਠਾਕੁਰ ਸਿਰਿ ਮੋਰਾ :—**ਹੇ ਪ੍ਰਮੇਸ਼ਰ ਤੂੰ ਠਾਕੁਰੁ=ਉਤਪਤ ਲੈਤਾ ਪਾਲਣਾ ਕਰਨ ਵਾਲਾ ਹੈ।

**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥** [ਜਾਪੁ ਸਾਹਿਬ ਪਉੜੀ ੭੯]

ਆਪ ਤੋਂ ਬਿਨਾਂ ਕੋਈ ਸਮਰਥ ਨਹੀਂ ਹੈ।

ਯਥਾ— **੧. ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥**
**ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥**
**ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭ ਸਦਕਾ ॥੧॥**

[ਸਵਈਏ ਮਹਲਾ ੪ ਕੇ ਅੰਗ ੧੪੦੩]

**੨. ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ। ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥**

[ਰਾਮਕਲੀ ਕੀ ਵਾਰ ਮਹਲਾ ੫, ਅੰਗ ੯੬੨]

ਹੇ ਪ੍ਰਮੇਸ਼ਰ ! ਮਾਤਾ ਜੀ ਦੇ ਗਰਭ ਵਿੱਚ ਪਰਾਬਾਣੀ ਦੁਆਰਾ ਉਪਦੇਸ਼ ਦੇ ਕਰਕੇ ਆਪਣੇ ਸਿਮਰਨ ਦੀ ਬਖ਼ਸ਼ਿਸ਼ ਕਰਕੇ ਉਥੇ ਜਠਰਾ ਅਗਨੀ ਤੋਂ ਰੱਖਣ ਵਾਲੇ ਹੋ ਜਿਥੇ ਕਿ ਮਾਤਾ ਦੇ ਖਾਧੇ ਰੋੜ ਭੀ ਭਸਮ ਹੋ ਜਾਂਦੇ ਹਨ, ਉਥੇ ਬੱਚੇ ਦਾ ਸੜਨਾ ਕੀ ਮੁਸ਼ਕਲ ਹੈ।

PDF created with pdfFactory Pro trial version www.pdffactory.com

ਯਥਾ— **੧. ਅਪਨਾ ਸਿਮਰਨੁ ਦੇ ਪ੍ਰਤਿਪਾਲਿਆ ਓਹੁ ਸਗਲ ਘਟਾ ਕਾ ਮਾਲਕਾ ॥੨॥**

[ਮਾਰੂ ਮਹਲਾ ੫, ਅੰਗ ੧੦੮੪]

**੨. ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥**

[ਰਾਮਕਲੀ ਮਹਲਾ ੩, ਅੰਗ ੯੨੦]

**੩. ਔਰ ਕੀ ਬਾਤ ਕਹਾ ਕਹ ਤੋ ਸੌ ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥**

[ਦਸਮ-ਅੰਗ ੩੫]

ਜਿਥੇ ਸਾਡਾ ਕੋਈ ਜ਼ੋਰ ਨਹੀਂ ਚਲਦਾ ਹੈ ਉਹ ਪ੍ਰਮੇਸ਼ਰ ਉਥੇ ਵੀ ਰਖਿਆ ਕਰਦਾ ਹੈ।

ਯਥਾ— **੧. ਰੇ ਪਾਪੀ ਤੈ ਕਵਨ ਕੀ ਮਤਿ ਲੀਨ ॥**
**ਨਿਮਖ ਘਰੀ ਨ ਸਿਮਰਿ ਸੁਆਮੀ ਜੀਉ ਪਿੰਡੁ ਜਿਨਿ ਦੀਨ ॥੧॥ਰਹਾਉ॥**
**ਖਾਤ ਪੀਵਤ ਸਵੰਤ ਸੁਖੀਆ ਨਾਮੁ ਸਿਮਰਤ ਖੀਨ ॥**
**ਗਰਭ ਉਦਰ ਬਿਲਲਾਟ ਕਰਤਾ ਤਹਾਂ ਹੋਵਤ ਦੀਨ ॥੧॥** [ਸਾਰਗ ਮਃ ੫, ਅੰਗ ੧੨੨੫]

**੨. ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥**
**ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ ॥**

[ਜੈਤਸਰੀ ਕੀ ਵਾਰ ਮਹਲਾ ੫, ਅੰਗ ੭੦੬]

**੩. ਵਿਚਹੁ ਗਰਭੈ ਨਿਕਲਿ ਆਇਆ ॥**
**ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥** [ਮਾਰੂ ਮਹਲਾ ੫, ਅੰਗ ੧੦੦੭]

ਇਹ ਜੀਵ ਪ੍ਰਮੇਸ਼ਰ ਨੂੰ ਭੁਲਾ ਕੇ ਦੁਨੀ=ਮਾਇਆ ਵਿੱਚ ਚਿੱਤ ਜੋੜੀ ਬੈਠਾ ਹੈ। ਇਹ ਮਾਇਆ ਪ੍ਰਮੇਸ਼ਰ ਨੂੰ ਭੁਲਾ ਕਰਕੇ ਆਪਣੀ ਤ੍ਰਿਸ਼ਨਾ ਲਾ ਕੇ ਸਾੜਦੀ ਹੈ। ਇਸ ਮਾਇਆ ਦੇ ਚੱਕਰ ਕਰਕੇ ਹੀ ਜੀਵ ਗਰਭ ਦੀ ਅਗਨ ਵਿੱਚ ਸੜਦਾ ਹੈ ਜਿਥੇ ਕੇਵਲ ਪ੍ਰਮਾਤਮਾ ਦਾ ਸਿਰਮਨ ਹੀ ਰਖਿਆ ਕਰਦਾ ਹੈ।

ਯਥਾ— **ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥**
**ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ ॥**

[ਸਲੋਕ ਕਬੀਰ ਜੀ ਅੰਗ ੧੩੭੩]

ਜੋ ਗਰਭ ਵਿੱਚ ਸਿਮਰਨ ਨਹੀਂ ਕਰਦੇ ਉਹ :—

**ਕਈ ਜਨਮ ਗਰਭ ਹਿਰਿ ਖਰਿਆ ॥** [ਗਉੜੀ ਮਹਲਾ ੫, ਅੰਗ ੧੭੬]

## *ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥*

ਹੇ ਪ੍ਰਭੂ ਜੀ ! ਇਹ ਸੰਸਾਰ ਸਮੁੰਦਰ ਵਿਸ਼ੇ ਰੂਪੀ ਗਰਲਤਾ-ਜ਼ਹਿਰ ਦੇ ਸਹਿਤ ਹੈ ਜਿਸ ਵਿੱਚ ਤ੍ਰਿਸ਼ਨਾ ਦੀਆਂ ਅਥਾਹ ਲਹਿਰਾਂ ਹਨ, ਪਦਾਰਥਾਂ ਰੂਪ ਜਲ ਹੈ, ਕਾਮ ਕ੍ਰੋਧ ਆਦਿਕ ਮਗਰਮੱਛ ਹਨ। ਹੇ ਤਾਰਨਹਾਰੇ ਪ੍ਰਮੇਸ਼ਰ ਜੀ ! ਨਾਮ ਜਹਾਜ ’ਤੇ ਚੜ੍ਹਾ ਕੇ ਤਾਰਨਾ ਕਰੋ। ਆਪ ਤੋਂ ਬਿਨਾਂ ਹੋਰ ਕੋਈ ਤਾਰ ਨਹੀਂ ਸਕਦਾ। ਜਿਵੇਂ ਆਪ ਜੀ ਨੇ ਗਰਭ ਵਿੱਚ ਰਖਿਆ ਕੀਤੀ ਇਸੇ ਤਰ੍ਹਾਂ ਸੰਸਾਰ ਤੋਂ ਤਾਰਨਾ ਕਰੋ।

## *ਮਾਧੌ ਤੂ ਠਾਕੁਰੁ ਸਿਰਿ ਮੋਰਾ ॥*

ਹੇ ਮਾ=ਮਾਇਆ ਦੇ ਧੌ=ਪਤੀ ਪ੍ਰਮੇਸ਼ਰ ਤੂੰ ਮੇਰੇ ਸਿਰ ’ਤੇ ਠਾਕੁਰ=ਮਾਲਕ-ਸੁਆਮੀ ਹੈ ਵਾ ਮੋਰਾ=ਮੇਰਾ ਸਿਰਿ=ਸ਼੍ਰੋਮਣੀ ਠਾਕੁਰ ਹੈਂ।

PDF created with pdfFactory Pro trial version www.pdffactory.com

## ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥

ਹੇ ਅਕਾਲ ਪੁਰਖ ਈਹਾ=ਲੋਕ ਅਤੇ ਊਹਾ=ਪ੍ਰਲੋਕ ਵਿੱਚ ਤੇਰਾ ਹੀ ਧੋਰਾ=ਆਸਰਾ ਹੈ।

**ਊਹਾ ਹੁਕਮੁ ਤੁਮਾਰਾ ਸੁਣੀਐ ॥ ਈਹਾ ਹਰਿ ਜਸੁ ਤੇਰਾ ਭਣੀਐ ॥**

[ਮਾਰੂ ਮਹਲਾ ੫, ਅੰਗ ੧੦੮੧]

ਵਾ :—ਈਹਾ-ਦੇਹ ਸਹਿਤ ਭੀ ਤੇਰਾ ਆਸਰਾ ਹੈ ਅਤੇ ਊਹਾ=ਦੇਹ ਤੋਂ ਬਿਨਾਂ ਭੀ ਤੇਰਾ ਆਸਰਾ ਹੈ। ਆਪ ਜੀ ਤੋਂ ਬਿਨਾਂ ਹੋਰ ਕੋਈ ਭੀ ਆਸਰਾ ਨਹੀਂ ਹੈ।

## ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥

ਹੇ ਪ੍ਰਮੇਸ਼ਰ! ਸਾਡੀ ਅਣਜਾਣ ਜੀਵਾਂ ਦੀ ਐਸੀ ਹਾਲਤ ਹੈ ਕਿ ਤੇਰੇ ਪੈਦਾ ਕੀਤੇ ਪਦਾਰਥਾਂ ਨੂੰ ਮੇਰੈ=ਸੁਮੇਰ ਪਰਬਤ ਦੀ ਨਿਆਈਂ ਅਚੱਲ ਵੱਡੇ ਤੇ ਅਮੋਲਕ ਸਮਝਦੇ ਹਾਂ :—

ਯਥਾ— **ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥**

[ਧਨਾਸਰੀ ਮਹਲਾ ੫, ਅੰਗ ੬੭੬]

**ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥**
**ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥**

[ਗਉੜੀ ਕਬੀਰ ਜੀ ਅੰਗ ੩੩੬]

ਅਤੇ ਜੋ ਸਭ ਦੇ ਕਰਨੇ ਵਾਲਾ ਪ੍ਰਭੂ ਹੈ ਉਸਨੂੰ ਤ੍ਰਿਣ ਵਤ ਸਮਝਦੇ ਹਾਂ। ਜਿਸ ਪ੍ਰਮਾਤਮਾ ਨੇ ਸਾਰੇ ਖੰਡ-ਬ੍ਰਹਮੰਡ ਰਚਣਾ ਕੀਤੇ ਹਨ ਐਸੇ ਪ੍ਰਮਾਤਮਾ ਨੂੰ ਕੱਖਾਂ ਤੋਂ ਭੀ ਨਿਕੰਮਾ ਸਮਝੀ ਬੈਠੇ ਹਾਂ। ਸਾਡਾ ਪ੍ਰਮਾਤਮਾ ਨਾਲ ਪਿਆਰ ਨਹੀਂ ਪਦਾਰਥਾਂ ਨਾਲ ਪ੍ਰੇਮ ਹੈ। ਵਾ :—ਕੀਤੇ ਹੋਏ ਸਰੀਰਾਂ ਨੂੰ ਸੁਮੇਰ ਵਤ ਅਚੱਲ ਤੇ ਵੱਡੇ ਸੁਧ ਜਾਣਦਾ ਹੈ ਤੇ ਕਰਨ ਵਾਲੇ ਪ੍ਰਮਾਤਮਾ ਨੂੰ ਨਾ ਮਲੂਮ ਹਸਤੀ ਕੱਖ ਵਤ ਜਾਣਦਾ ਹੈ।

## ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥੨॥

ਹੇ ਅਕਾਲ ਪੁਰਖ ਜੀ ਤੂ ਸਰਬ ਦਾ ਦਾਤਾ ਹੈਂ ਹੋਰ ਸਾਰੀ ਸ੍ਰਿਸ਼ਟੀ ਤੇਰੇ ਪਾਸੋਂ ਦਾਨ ਮੰਗਣ ਲਈ ਖੜ੍ਹੀ ਹੈ

ਯਥਾ— **੧. ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥**
**ਸਾਹਿਬ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਏਕੁ ਦਿਵੱਯਾ ॥** [ਤ੍ਵਪ੍ਰਸਾਦਿ ਸ੍ਵਯੈ ੬]

**੨. ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥**
**ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥** [ਮਾਰੂ ਮਹਲਾ ੧, ਅੰਗ ੯੯੨]

ਹੇ ਪ੍ਰਮੇਸ਼ਰ! ਜਿਵੇਂ ਤੈਨੂੰ ਭਾਉਂਦਾ ਹੈ, ਕਰਮਾਂ ਅਨੁਸਾਰ ਫਲ ਦਿੰਦਾ ਹੈਂ ਤੇ ਆਪਣੇ ਭਾਣੇ ਅਨੁਸਾਰ ਫਲ ਦਿੰਦਾ ਹੈਂ ਭਾਵੇਂ ਸੰਸਾਰ ਵਿਚ ਕਿਤਨੇ ਵੀ ਮਹਾਨ ਪੁਰਸ਼ ਹੋਏ ਪਰ ਸਭ ਨੂੰ ਪ੍ਰਮੇਸ਼ਰ ਨੇ ਭਾਣੇ ਅਨੁਸਾਰ ਫਲ ਦਿੱਤਾ ਹੈ ਜਿਸ ਤਰ੍ਹਾਂ ਨਾਰਦ ਨੂੰ ਬਾਂਦਰ ਦਾ ਮੂੰਹ ਲਗਾ ਦਿੱਤਾ ਸੀ ਤੇ ਤ੍ਰੇਤੇ ਦੇ ਅਵਤਾਰ ਰਾਮ ਜੀ! ਪ੍ਰਥਾਇ ਕਥਨ ਕੀਤਾ ਹੈ।

ਯਥਾ— **੧. ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ ॥**
**ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ ॥**
**ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ ॥**
**ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ ॥** [ਸਲੋਕ ਮਹਲਾ ੧, ਅੰਗ ੧੪੧੨]

PDF created with pdfFactory Pro trial version www.pdffactory.com

**੨. ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥**

[ਰਾਮਕਲੀ ਕੀ ਵਾਰ ਮਹਲਾ ੧, ਅੰਗ ੯੫੩-੫੪]

ਇਉਂ ਆਪਣੇ ਭਾਣੇ ਅਨੁਸਾਰ ਕਰਮਾਂ ਦਾ ਦਾਨ ਦਿੰਦਾ ਹੈਂ।

**ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥**
**ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥** [ਸਿਰੀਰਾਗ ਮਹਲਾ ੧, ਅੰਗ ੫੩]

**ਗੁਰਮੁਖਿ ਤੇਰਾ ਭਾਣਾ ਭਾਵੈ ॥** [ਮਾਰੂ ਮਹਲਾ ੩, ਅੰਗ ੧੦੬੩]

ਵਾ :—ਹੇ ਪ੍ਰਮੇਸ਼ਰ ਜੋ ਤੈਨੂੰ ਭਾਉਂਦੇ ਹਨ ਉਹਨਾਂ ਨੂੰ ਨਾਮ ਅੰਮ੍ਰਿਤ ਦਾ ਦਾਨ ਦਿੰਦਾ ਹੈਂ। ਫੇਰ ਉਹ ਤੈਨੂੰ ਭਾਨੈ=ਪ੍ਰਤੀਤ ਭਾਵ ਪ੍ਰਗਟ ਕਰ ਲੈਂਦੇ ਹਨ।

**ਜਲੇ ਹਰੀ ॥ ਥਲੇ ਹਰੀ ॥ ਉਰੇ ਹਰੀ ਬਨੇ ਹਰੀ ॥ ਉਹਾਂ ਹਰੀ ॥ ਜਿਮੀ ਹਰੀ ॥ ਜਮਾ ਹਰੀ ॥**

[ਅਕਾਲ ਉਸਤਤ]

## *ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥*

ਖਿਨ=ਬਹੁਤ ਥੋੜ੍ਹਾ ਸਮਾਂ, ਅੱਖ ਦੇ ਪਲਕਾਰੇ ਜਿੰਨ੍ਹਾਂ ਸਮਾਂ, ਸੰਸਕ੍ਰਿਤ ਵਿੱਚ ਕਸ਼ਣ ਪੰਜਾਬੀ ਵਿੱਚ ਖਿਨ। ਇਕ ਖਿਨ ਵਿੱਚ ਯਾਨੀ ਸਮੇਂ ਵਿੱਚ ਅਵਰ=ਹੋਰ ਪ੍ਰਕਾਰ ਭਾਵ ਸ੍ਰਿਸ਼ਟੀ ਦੀ ਉਤਪਤੀ ਕਰਦਾ ਹੈ। ਖਿਨੈ ਮਹਿ ਅਵਰਾ=ਭਾਵ ਖਿਨ ਵਿੱਚ ਹੀ ਹੋਰ ਪ੍ਰਕਾਰ ਸ੍ਰਿਸ਼ਟ ਦੀ ਲੈਅਤਾ ਕਰਦਾ ਹੈ।

ਵਾ :—ਖਿਨ ਵਿੱਚ ਹੀ ਇਕ ਭਿਖਾਰੀ ਨੂੰ ਰਾਜਾ, ਖਿਨ ਵਿੱਚ ਹੀ ਰਾਜੇ ਨੂੰ ਭਿਖਾਰੀ ਬਣਾ ਦਿੰਦਾ ਹੈ। ਐਸੇ ਉਸਦੇ ਅਚਰਜ=ਹੈਰਾਨ ਕਰਨ ਵਾਲੇ ਚਲਤ=ਕੌਤਕ ਹਨ।

ਯਥਾ— **ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥**
**ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥**

[ਰਾਗ ਬਿਹਾਗੜਾ ਮਹਲਾ ੯, ਅੰਗ ੫੩੭]

**ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੮੪]

**ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥**
**ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥** [ਮਾਝ ਮਹਲਾ ੧, ਅੰਗ ੧੪੪]

## *ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥੩॥*

ਰੂੜੋ=ਸੁੰਦਰ ਹੈਂ, ਸਭ ਸੰਸਾਰ ਦੇ ਬਾਗ ਬਗੀਚਿਆ ਵਿੱਚ ਤੇਰੀ ਹੀ ਸੁੰਦਰਤਾ ਹੈ। ਗੂੜੋ=ਗੁਪਤ ਤੋਂ ਗੁਪਤ ਹੈ, ਗੰਭੀਰੋ=ਡੂੰਘਾ ਹੈ।

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥** [ਜਪੁਜੀ ਸਾਹਿਬ ਅੰਗ, ੫]

ਵਾ :—ਊਚੌ=ਉਚੇ ਤੋਂ ਉਚਾ ਹੈਂ।

**ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥** [ਭੈਰਉ ਮਃ ੫, ਅੰਗ ੧੧੫੬]

ਅਗਮ=ਮਨ ਦੇ ਸੰਕਲਪਾਂ ਤੋਂ ਪਰੇ ਹੈਂ। ਸਾਸ਼ਤਰਾਂ ਦੀ ਗਮਤਾ ਵੀ ਉਥੇ ਨਹੀਂ। ਅਪਾਰੇ=ਪ੍ਰਕਿਰਤੀ ਦੇ ਪ੍ਰਵਾਹ ਤੋਂ ਰਹਿਤ ਹੈ। ਪ੍ਰਕ੍ਰਿਤੀ ਤੇਰੇ ਲੂੰ-੨ ਵਿੱਚ ਹੈ, ਐਸਾ ਤੂੰ ਸਮਰਥ ਹੈਂ।

PDF created with pdfFactory Pro trial version www.pdffactory.com

## ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥

ਹੇ ਅਕਾਲ ਪੁਰਖ ਜੀ! ਜਦੋਂ ਤੁਸੀਂ ਗੁਰਾਂ ਦੀ ਸਾਧ ਸੰਗਤ ਵਿੱਚ ਸਾਨੂੰ ਮਿਲਾਇਆ ਤਾਂ ਤੁਹਾਡੇ ਸਰੂਪ ਨੂੰ ਜਾਨਣ ਵਾਲੀ ਬਾਣੀ ਸੁਣੀ।

**ਸਾਧ ਕਰਮ ਜੇ ਪੁਰਖ ਕਮਾਵੈ ਨਾਮ ਦੇਵਤਾ ਤਾਹਿ ਕਹਾਵੈ॥**
**ਅਸੁਰ ਕਰਮ ਜੇ ਜਗ ਮਹਿ ਕਰਹੀ॥ ਅਸੁਰ ਨਾਮ ਤਾ ਕੇ ਜਗ ਪਰਹੀ॥** [ਦਸਮ ਗ੍ਰੰਥ]

ਸਰੁਤੀ— **ਸ੍ਵੈ ਕਾਰਜ ਸਿਧਤੀ ਪਰ ਕਾਰਜ ਧਾਇਤੀ ਸਾ ਸਾਧਾ॥** [ਪ੍ਰਮਾਣ ਲੌਕਿਕ]

**ਪੁਨ ਸਾਧ ਵਹੀ ਜਗ ਜਾਨੀਏ ਜਾ ਕੈ ਨਹੀ ਉਪਾਧਿ ਮਨ॥** [ਸਾਰਕੁਤਾਵਲੀ ਅ: ੫]

**ਥੰਮੇ ਕੋਈ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ॥**
**ਗੁਰਮੁਖ ਸਾਧ ਅਸਾਧ ਸਾਧ ਸਦਾਇਆ॥**

ਗੁਰਮੁਖਾਂ ਨੇ ਨਾ ਸਾਧੇ ਜਾਣ ਵਾਲੇ ਮਨ ਨੂੰ ਸਾਧ ਕੇ ਸਾਧ ਕਹਾਇਆ ਹੈ।
ਇਸ ਮਨ ਨੂੰ ਜਿਨ੍ਹਾਂ ਗੁਰਸਿੱਖ ਸਾਧਾਂ ਨੇ ਸਾਧਿਆ ਹੈ ਉਨ੍ਹਾਂ ਦੀ ਸੰਗਤ ਵਿੱਚ ਤੁਸੀਂ ਸਾਨੂੰ ਮੇਲ ਦਿੱਤਾ ਹੈ।

**ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ॥** [ਬਿਲਾਵਲ ਮਹਲਾ ੫, ਅੰਗ ੮੧੫]

ਤਾਂ ਅਸੀਂ ਉਨਾਂ ਗੁਰਸਿੱਖ ਮਹਾਂਪੁਰਸ਼ਾਂ ਤੋਂ ਨਾਮ-ਬਾਣੀ ਸੁਣੀ ਵਾ ਗੁਰਬਾਣੀ ਸੁਣੀ। ਹੋਰ ਬੇਦਾਂ-ਕਤੇਬਾਂ ਦੀਆਂ ਬਾਣੀਆਂ ਸੰਸੇ ਨਿਵਿਰਤ ਨਹੀਂ ਕਰਦੀਆਂ।

ਯਥਾ— **ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥** [ਭਗਤ ਕਬੀਰ, ਅੰਗ ੭੨੭]

**ਸਾਖੀ—**ਸਤਵੇਂ ਪਾਤਸ਼ਾਹ-ਸ੍ਰੀ ਗੁਰੂ ਹਰ ਰਾਏ ਸਾਹਿਬ ਜੀ ਤੋਂ ਸਿੱਖਾਂ ਨੇ ਪੁੱਛਿਆ ਕਿ ਗੁਰੂ ਜੀ! ਅਸੀਂ ਅਰਥ ਬੋਧ ਤੋਂ ਰਹਿਤ ਹਾਂ, ਕੀ ਗੁਰਬਾਣੀ ਨੂੰ ਪੜ੍ਹਨੇ ਕਰਕੇ ਸਾਡਾ ਵੀ ਭਲਾ ਹੋ ਜਾਵੇਗਾ? ਸਤਿਗੁਰੂ ਜੀ ਨੇ ਬਾਹਰ ਸੂਰਜ ਦੀਆਂ ਕਿਰਨਾਂ ਨਾਲ ਚਮਕਦੀ ਹੋਈ ਥੇਹ ਉਪਰ ਪਈ ਠੀਕਰੀ ਵਿਖਾਈ। ਉਸ ਵਿੱਚ ਘਿਓ ਦੀ ਥਿੰਧਿਆਈ ਸੀ। ਮਹਾਰਾਜ ਜੀ ਕਹਿਣ ਲੱਗੇ—ਹੇ ਸਿੱਖੋ! ਜਿਵੇਂ ਇਸ ਠੀਕਰੀ ਵਿੱਚ ਥਿੰਧਿਆਈ ਇਸ ਕਰਕੇ ਹੈ ਕਿ ਕਿਸੇ ਸਮੇਂ ਇਹ ਘਿਓ ਵਾਲਾ ਪਾਤਰ ਸੀ। ਚਿਰੰਕਾਲ ਤੱਕ ਘਿਓ ਦੀ ਸੰਗਤ ਕਰਕੇ ਇਸ ਭਾਂਡੇ ਵਿੱਚ ਥਿੰਧਿਆਈ ਰਚ ਗਈ ਜੋ ਹੁਣ ਸੂਰਜ ਦੀਆਂ ਕਿਰਨਾਂ ਪੈਣ ਤੋਂ ਥਿੰਧਿਆਈ ਪ੍ਰਗਟ ਰੂਪ ਵਿੱਚ ਦਿੱਸ ਰਹੀ ਹੈ।

ਇਸੇ ਤਰ੍ਹਾਂ ਮਨ ਇਕ ਭਾਂਡਾ ਹੈ ਦਿਨ ਪ੍ਰਤੀ ਦਿਨ ਗੁਰਬਾਣੀ ਦੀ ਸੰਗਤ ਕਰਕੇ ਗੁਰਬਾਣੀ ਦੇ ਸੰਸਕਾਰ ਇਸ ਵਿੱਚ ਸਮਾ ਜਾਂਦੇ ਹਨ। ਭਾਵੇਂ ਇਹ ਠੀਕ ਹੈ ਕਿ ਮੁਕਤੀ ਗਿਆਨ ਤੋਂ ਬਿਨਾਂ ਨਹੀਂ ਪ੍ਰਾਪਤ ਹੋ ਸਕਦੀ ਪਰ ਇਸ ਭਗਤੀ ਵਾਲੇ ਪਏ ਸੰਸਕਾਰਾਂ ਦੇ ਕਾਰਨ ਮੁੜ ਭਗਤੀ ਵੱਲ ਰੁਚੀ ਬਣਦੀ ਹੈ। ਜਿਵੇਂ ਘਿਓ ਵਾਲਾ ਭਾਂਡਾ ਫੁੱਟਿਆ ਇਸ ਤਰ੍ਹਾਂ ਦੇਹ ਵੀ ਫੁੱਟਣ ਤੋਂ ਬਾਅਦ ਮਿੱਟੀ ਵਿੱਚ ਰੁਲਦੀ ਹੈ। ਆਉਂਦਾ ਜਨਮ ਪ੍ਰਾਪਤ ਹੋਇ ਤੋਂ ਭਾਵੇਂ ਅਵਿਦਿਆ ਦਾ ਮਿੱਟੀ-ਘੱਟਾ ਮਨ ਰੂਪੀ ਠੀਕਰੀ 'ਤੇ ਪਿਆ ਹੋਣ ਦੇ ਕਾਰਨ ਭਗਤੀ ਦਾ ਸੰਸਕਾਰ ਪ੍ਰਗਟ ਨਹੀਂ ਹੁੰਦਾ। ਪਰ ਜਦੋਂ ਨਾਮ ਬਾਣੀ ਦੀ ਵਰਖਾ ਨਾਲ ਜਿਸ ਕਰਕੇ ਠੀਕਰੀ ਰੂਪੀ ਮਨ ਤੋਂ ਅਵਿਦਿਆ ਰੂਪੀ ਮਿੱਟੀ ਦੂਰ ਹੁੰਦੀ ਹੈ ਤਾਂ ਗੁਰੂ ਰੂਪ ਸੂਰਜ ਦੀਆਂ ਉਪਦੇਸ਼ ਰੂਪ ਕਿਰਨਾਂ ਮਿਲਣ ਤੋਂ ਭਗਤੀ ਦੇ ਸੰਸਕਾਰ ਪ੍ਰਗਟ ਹੋ ਕੇ ਥਿੰਧਿਆਈ ਪ੍ਰਗਟ ਹੋਣ ਦੀ ਤਰ੍ਹਾਂ ਗਿਆਨ ਪ੍ਰਗਟ ਹੋ ਜਾਂਦਾ ਹੈ ਜਿਸ ਤੋਂ ਮੁਕਤ ਹੋ ਕੇ—

ਯਥਾ— **ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥**
**ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥**
[ਗਉੜੀ ਸੁਖਮਨੀ ਮਹਲਾ ੫, ਅੰਗ ੨੭੮]

ਉਸ ਦਾ ਸਰੂਪ ਬਣ ਜਾਂਦਾ ਹੈ।

PDF created with pdfFactory Pro trial version www.pdffactory.com

**ਅਨਦੁ ਭਇਆ ਪੇਖਤ ਹੀ ਨਾਨਕ**
**ਪ੍ਰਤਾਪ ਪੁਰਖ ਨਿਰਬਾਣੀ ॥੪॥੭॥੧੮॥**

ਸਤਿਗੁਰੂ ਜੀ ਕਹਿੰਦੇ ਹਨ ਕਿ ਨਿਰਬਾਣੀ=ਬੰਧਨਾਂ ਤੋਂ ਰਹਿਤ ਪ੍ਰਮੇਸ਼ਰ ਦਾ ਪ੍ਰਤਾਪ ਦੇਖ ਕੇ ਮੇਰਾ ਮਨ ਅਨੰਦ ਦੇ ਸਹਿਤ ਹੋ ਗਿਆ ਹੈ—

ਯਥਾ— **ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥** [ਰਾਗ ਆਸਾ ਮਹਲਾ ੫, ਅੰਗ ੪੫੨]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੫੫ [ਆਦਿ ਅੰਗ ੬੧੫]

***ਸੋਰਠਿ ਮਹਲਾ ੫ ॥ ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥ ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥੧॥ ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥ ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥ ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥੨॥ ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥ ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥੩॥ ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ ॥ ਨਾਨਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ ॥੪॥੧੪॥੨੫॥***

ਇਹ ਅੰਮ੍ਰਿਤ ਬਚਨ ਉਚਾਰਨ ਕਰਨ ਵਾਲੇ ਗੁਰੂ ਅਰਜਨ ਸਾਹਿਬ ਹਨ ਇਸ ਮੁਖਵਾਕ ਦੀ ਪਹਿਲੀ ਹੀ ਤੁਕ ਵਿੱਚ ਭੈ ਦਾ ਜਿਕਰ ਕਰਦੇ ਹਨ ਅਤੇ ਨਾਲ ਹੀ ਭੈ ਨਵਿਰਤੀ ਜੁਗਤ ਦਸਦੇ ਹਨ :—

## ***ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥***

ਪ੍ਰਭੂ=ਪ੍ਰਮੇਸ਼ਰ ਵਾਹਿਗੁਰੂ ਦੀ ਸਰਣਿ ਆਉਣ ਕਰਕੇ ਸਗਲ=ਸਾਰੇ ਭੈ=ਡਰ ਲਾਥੇ=ਲਹਿ ਜਾਂਦੇ ਹਨ ਅਤੇ ਦੁੱਖਾਂ ਦਾ ਬਿਨਾਸ ਹੋ ਕੇ ਸੁਖ ਪ੍ਰਾਪਤ ਹੋ ਜਾਂਦਾ ਹੈ। ਭੈ ਦੇ ਪ੍ਰਭਾਵ ਹੇਠ ਸੱਮਸਤ ਸੰਸਾਰ ਹੈ ਭੈ ਤੋਂ ਰਹਿਤ ਕੇਵਲ ਵਾਹਿਗੁਰੂ ਪ੍ਰਮੇਸ਼ਰ ਹੈ :—

ਯਥਾ— **ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥** [ਮਾਰੂ ਮਹਲਾ ੫, ਅੰਗ ੯੯੯]

**ਨੋਟ** :—ਭੈ ਦੇ ਸੰਬੰਧ ਵਿੱਚ ਪੂਰਾ ਸ਼ਬਦ ਦੇਖੋ।

ਅਥਵਾ ਉਸਦਾ ਚਿੰਤਨ ਕਰਨ ਵਾਲਾ ਭੀ ਭੈ ਤੋਂ ਰਹਿਤ ਹੋ ਜਾਂਦਾ ਹੈ :—

**ਨਿਰਭਉ ਜਪੈ ਸਗਲ ਭਉ ਮਿਟੈ ॥** [ਗਉੜੀ ਮਹਲਾ ੫, ੨੯੩]

ਭੈ ਦੀਆਂ ਵਿਦਵਾਨਾਂ ਨੇ ਸੱਤ ਕਿਸਮਾਂ ਮੰਨੀਆਂ ਹਨ :—

੧. ਯਹ ਭੈ, ੨. ਪ੍ਰਲੋਕ ਭੈ, ੩. ਜਨਮ ਬੇਦਨਾ, ੪. ਜਾਤ, ੫. ਅਨ ਰਖਿਆ, ੬. ਅਰ ਗੁਪਤ ਭੈ, ੭. ਅਕਸ ਮਾਤਰ ਭੈ ਸਾਤ

ਪਰ ਸ਼ਰਨ ਵਿੱਚ ਆ ਕੇ ਲਾਭ ਉਹਨਾਂ ਨੂੰ ਹੀ ਪ੍ਰਾਪਤ ਹੁੰਦਾ ਹੈ ਭਾਵ ਉਹਨਾਂ ਦੇ ਹੀ ਭੈ ਦੂਰ ਹੁੰਦੇ ਹਨ ਜਿਹਨਾਂ ਨੇ ਗੁਰਾਂ ਦੀ ਆਗਿਆ ਨੂੰ ਮੰਨਣਾ ਕੀਤਾ ਹੈ :—

**ਦ੍ਰਿਸ਼ਟਾਂਤ** :—ਇਕ ਬਾਦਸ਼ਾਹ ਨੇ ਆਪਣੇ ਰਾਜ ਵਿੱਚ ਪਰਜਾ ਲਈ ਬਹੁਤ ਚੰਗਾ ਪ੍ਰਬੰਧ ਕੀਤਾ। ਸਾਰਿਆਂ ਨੂੰ ਆਪਣੀ ਆਗਿਆ ਵਿੱਚ ਰਖਿਆ ਪਰ ਬਾਦਸ਼ਾਹ ਦੇ ਰਾਜ ਘਰਾਣੇ ਅਤੇ ਸੰਬੰਧੀਆਂ ਨੇ ਰਾਜੇ ਦੀ ਆਗਿਆ ਨਾ ਮੰਨੀ ਤੇ ਉਹਨਾਂ ਨੇ ਆਪਣੀ ਖੁਦ ਪਸੰਦੀ ਕੀਤੀ। ਰਾਜੇ ਨੇ ਉਹਨਾਂ ਸੰਬੰਧੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਉਹ ਸਾਰੇ ਸੰਬੰਧੀ ਬਹੁਤ ਦੁਖੀ ਹੋਏ ਤੇ ਭੁੱਖੇ ਮਰਨ ਲੱਗੇ ਤਾਂ ਫਿਰ ਰਾਜੇ ਨੇ ਉਹਨਾਂ ਨੂੰ ਆਪਣੇ ਜਾਣ ਕੇ, ਉਹਨਾਂ ਤੇ ਦਇਆ ਕਰਕੇ, ਉਹਨਾਂ ਨੂੰ ਕਈ ਮੀਲਾਂ ਦੇ ਵਿਸਥਾਰ ਵਾਲਾ ਬਗੀਚਾ ਬਖਸ਼ਿਆ। ਉਹਨਾਂ ਸੰਬੰਧੀਆਂ ਵਿਚੋਂ ਕਈ ਕਹਿਣ ਲੱਗੇ ਕਿ ਅਸੀਂ ਰਾਜੇ ਦੇ ਆਖੇ ਨਹੀਂ ਲੱਗਣਾ ਕਿਉਂਕਿ ਉਸਨੇ ਸਾਨੂੰ ਬਨਵਾਸ ਦਿੱਤਾ ਹੈ, ਉਹਨਾਂ ਕ੍ਰੋਧ ਕਰਕੇ ਬਗੀਚਾ ਅੰਗੀਕਾਰ ਨਾ ਕੀਤਾ ਤੇ ਭੁੱਖੇ ਹੀ ਮਰ ਗਏ। ਜਿਹੜੇ ਬਗੀਚੇ ਵਿੱਚ ਗਏ ਉਹਨਾਂ ਨੇ ਬਾਗ ਵਿਚੋਂ ਬਿਰਛਾਂ ਨੂੰ ਕੱਟ ਕੇ ਵੇਚ ਕੇ ਗੁਜਾਰਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਭੁੱਖ ਦੇ ਦੁੱਖ ਨੂੰ ਨਵਿਰਤ ਕਰ ਲਿਆ।

PDF created with pdfFactory Pro trial version www.pdffactory.com

ਉਹਨਾਂ ਵਿਚੋਂ ਇਕਨਾ ਨੇ ਸੋਚਿਆ ਕਿ ਇਸ ਬਗੀਚੇ ਵਿੱਚ ਅਮੋਲਕ ਚੀਜਾਂ ਹੋਣਗੀਆਂ। ਉਹਨਾਂ ਨੇ ਪੜਤਾਲ ਕਰਕੇ ਚੰਦਨ ਦੇ ਬੂਟੇ ਲੱਭੇ, ਸੱਪਾਂ ਨੂੰ ਮਾਰ ਕਰਕੇ, ਚੰਦਨ ਦੇ ਬਿਰਛ ਕੱਟੇ ਤੇ ਉਹਨਾਂ ਦੀਆਂ ਲੱਕੜਾਂ ਸ਼ਹਿਰ ਵਿੱਚ ਵੇਚਣੀਆਂ ਸ਼ੁਰੂ ਕੀਤੀਆਂ ਤੇ ਸ਼ਾਹੂਕਾਰ ਬਣ ਗਏ, ਫਿਰ ਹੋਰ ਆਦਮੀਆਂ ਨੇ ਯਤਨ ਕੀਤਾ ਕਿ ਹੋਰ ਵੀ ਕੁਝ ਲੱਭਣਾ ਚਾਹੀਦਾ ਹੈ ਉਹਨਾਂ ਨੇ ਲੋਹੇ ਦੇ ਬੂਟ ਪਾ ਕਰਕੇ ਬਾਗ ਵਿੱਚ ਗਸ਼ਤ ਕੀਤੀ ਤਾਂ ਪਾਰਸ ਪੱਥਰ ਨਾਲ ਉਹਨਾਂ ਦੇ ਬੂਟ ਲੱਗ ਕਰਕੇ ਸੋਨਾ ਹੋ ਗਏ ਉਹ ਪਾਰਸ ਨੂੰ ਪ੍ਰਾਪਤ ਕਰਕੇ ਖੁਸ਼ੀ ਦੇ ਸਹਿਤ ਰਾਜੇ ਨੂੰ ਮਿਲੇ। ਰਾਜੇ ਨੇ ਪ੍ਰਸੰਨ ਹੋ ਕੇ ਉਹਨਾਂ ਨੂੰ ਆਪਣੇ ਵਜ਼ੀਰ ਬਣਾ ਲਿਆ। ਇਸ ਪ੍ਰਕਾਰ ਉਹ ਸੁਖੀ ਹੋ ਗਏ। ਫਿਰ ਉਹਨਾਂ ਆਦਮੀਆਂ ਦੇ ਵਿਚੋਂ ਕੁਝ ਸਿਆਣੇ ਪੁਰਸ਼ਾਂ ਨੇ ਧਰਤੀ ਪੁੱਟ ਕਰਕੇ ਖਾਣ ਵਿਚੋਂ ਚਿੰਤਮਾਣੀ ਪ੍ਰਾਪਤ ਕੀਤੀ ਤੇ ਰਾਜੇ ਨੂੰ ਮਿਲੇ ਤਾਂ ਰਾਜਾ ਬਹੁਤ ਪ੍ਰਸੰਨ ਹੋਇਆ ਕਿਉਂਕਿ ਜਿਸ ਪਾਸ ਚਿੰਤਾਮਣੀ ਹੋਵੇ ਉਸਦਾ ਕੀਤਾ ਸੰਕਲਪ ਪੂਰਾ ਹੋ ਜਾਂਦਾ ਹੈ। ਰਾਜੇ ਨੇ ਖੁਸ਼ੀ ਦੇ ਸਹਿਤ ਆਪਣਾ ਰਾਜ ਤਖ਼ਤ ਉਹਨਾਂ ਨੂੰ ਬਖਸ਼ ਦਿੱਤਾ ਤੇ ਕਿਹਾ ਹੁਣ ਤੁਸੀਂ ਤਖ਼ਤ 'ਤੇ ਬੈਠ ਕੇ ਰਾਜ ਕਰੋ। ਇਸ ਦ੍ਰਿਸ਼ਟਾਂਤ ਦਾ ਅੰਤ੍ਰੀਵ ਭਾਵ:—ਇਸੇ ਪ੍ਰਕਾਰ ਹੀ ਅਕਾਲ ਪੁਰਖ ਅੰਤਰਜਾਮੀ ਬਾਦਸ਼ਾਹ=ਰਾਜਾ ਹੈ। ਸਾਰੀ ਸ੍ਰਿਸਟੀ ਨੂੰ ਵਹਿਗੁਰੂ ਨੇ ਆਪਣੀ ਆਗਿਆ ਵਿੱਚ ਰਖਿਆ ਹੈ। ਇਸ ਕਰਕੇ ਉਸਦੀ ਆਗਿਆ ਵਿੱਚ ਚੱਲਣਾ ਚਾਹੀਦਾ ਹੈ: ਨਾਮ ਜਪਣਾ, ਪਰਉਪਕਾਰ ਕਰਨਾ ਇਹ ਪ੍ਰਮੇਸ਼ਰ ਦੀ ਆਗਿਆ ਹੈ। ਜਿਹੜੇ ਜੀਵ ਆਗਿਆ ਵਿੱਚ ਨਹੀਂ ਚਲਦੇ ਉਹਨਾਂ ਨੂੰ ਵਹਿਗੁਰੂ ਨੇ ਸੰਸਾਰ ਰੂਪੀ ਉਜਾੜ ਵਿੱਚ ਦੇਸ਼ ਨਿਕਾਲਾ ਦਿੱਤਾ ਹੈ। ਸਾਰੇ ਜੀਵ ਚੇਤਨ ਦੀ ਅੰਸ ਹੋਣ ਕਰਕੇ ਵਾਹਿਗੁਰੂ ਰਾਜੇ ਦੇ ਸੰਬੰਧੀ ਹਨ, ਇਹਨਾਂ ਨੂੰ ਆਸਾ ਤ੍ਰਿਸ਼ਨਾ ਦੀ ਭੁੱਖ-ਤੇਹ ਨਾਲ ਦੁਖੀ ਹੋਇਆ ਨੂੰ ਦੇਖ ਕਰਕੇ ਅਕਾਲ ਪੁਰਖ, ਵਹਿਗੁਰੂ ਨੇ, ਗੁਰੂ ਰੂਪ ਧਾਰ ਕੇ ਗੁਰਬਾਣੀ ਰੂਪ ਬਗੀਚਾ ਬਖਸ਼ਿਆ ਹੈ ਪਰ ਇਹਨਾਂ ਜੀਵਾਂ ਨੇ ਇਸ ਬਗੀਚੇ ਨੂੰ ਪ੍ਰਾਪਤ ਕਰਕੇ ਲਾਪ੍ਰਵਾਹੀ ਕੀਤੀ ਹੈ, ਕੋਈ ਵੀ ਧਿਆਨ ਨਹੀਂ ਕਰਦੇ ਤੇ ਕਾਮ ਕ੍ਰੋਧ ਆਦਿ ਵਿਕਾਰਾਂ ਵਿੱਚ ਫਸੇ ਬੈਠੇ ਹਨ ਉਹ ਦੁਖੀ ਹੋ ਕੇ ਮਰਦੇ ਹਨ:—

ਯਥਾ— **ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥**

[ਸਹਸਕ੍ਰਿਤੀ ਮਹਲਾ ੫, ਅੰਗ ੧੩੫੯]

ਅਤੇ ਲੱਕੜਾਂ ਵੇਚ ਕੇ ਗੁਜਾਰਾ ਕਰਨ ਵਾਂਗ ਕਈ ਲੋਕ ਪਾਠ ਕਰਕੇ, ਪੂਜਾ ਦੇ ਪੈਸੇ ਲੈ ਕੇ ਗੁਜਾਰਾ ਕਰਦੇ ਹਨ। ਕਈਆਂ ਨੇ ਗੁਰਬਾਣੀ ਰੂਪ ਬਚੀਚੇ ਵਿੱਚੋਂ ਵੈਰਾਗ ਰੂਪੀ ਚੰਦਨ ਦੇ ਬੂਟੇ ਲੱਭ ਲਏ। ਕਾਮ ਕ੍ਰੋਧ ਆਦਿ ਸੱਪਾਂ ਨੂੰ ਮਾਰ ਦਿੱਤਾ:—

ਯਥਾ— **ਨਾਨਕ ਮਸਤਕਿ ਜਿਸੁ ਵਡਭਾਗੁ ॥ ਗੁਰ ਕੀ ਬਾਣੀ ਸਹਜ ਬੈਰਾਗੁ ॥**

[ਵਡਹੰਸ ਮਹਲਾ ੩, ਅੰਗ ੫੬੦]

**ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥** [ਆਸਾ ਮਹਲਾ ੪, ਅੰਗ ੪੪੯]

ਉਹ ਵੈਰਾਗ ਵਾਲੇ ਪੁਰਸ਼ ਪ੍ਰਮੇਸ਼ਰ ਦੇ ਦਰ ਦੇ ਸ਼ਾਹੂਕਾਰ ਬਣ ਗਏ:—

**ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥** [ਸੂਹੀ ਮਹਲਾ ੫, ਅੰਗ ੭੪੯]

ਕਈ ਸਿਆਣਿਆਂ ਨੇ ਇਸ ਬਗੀਚੇ ਵਿਚੋਂ ਪ੍ਰੇਮ ਦੇ ਬੂਟ ਪਾ ਕੇ ਭਗਤੀ ਰੂਪੀ ਪਾਰਸ ਦੀ ਵੱਟੀ ਨੂੰ ਪ੍ਰਾਪਤ ਕੀਤਾ ਹੈ। ਭਗਤੀ ਵੀ ਕੈਸੀ ਹੈ:—

ਯਥਾ— **੧. ਇਸ ਭਗਤੀ ਕਾ ਕੋਈ ਜਾਣੈ ਭੇਉ ॥ ਸਭੁ ਮੇਰਾ ਪ੍ਰਭੁ ਆਤਮ ਦੇਉ ॥੩॥**

[ਬਸੰਤ ਮਹਲਾ ੩, ਅੰਗ ੧੧੭੩]

**੨. ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥** [ਗਉੜੀ ਮਹਲਾ ੫, ਅੰਗ ੨੧੦]

ਉਸ ਭਗਤੀ ਵਾਲੇ ਪੁਰਸ਼ਾਂ ਨੂੰ ਵਾਹਿਗੁਰੂ ਪ੍ਰਮੇਸ਼ਰ ਨੇ ਖੁਸ਼ ਹੋ ਕਰਕੇ ਆਪਣੇ ਵਜੀਰ ਬਣਾ ਲਿਆ ਅਧਿਕਾਰੀਆਂ

PDF created with pdfFactory Pro trial version www.pdffactory.com

ਦਾ ਮਿਲਾਪ ਕਰਾਉਣ ਲਈ ਵਿਚੋਲੇ ਬਣਾ ਲਿਆ। ਜਿਵੇਂ ਭਾਈ ਮੰਝ ਨੂੰ ਦਰਗਾਹ ਵਿੱਚ ਪਹਿਰੇਦਾਰ ਬਣਾਇਆ ਹੈ। ਕਈ ਪਤਵੰਤੇ ਗੁਰਮੁਖਾਂ ਨੇ ਗੁਰਬਾਣੀ ਦੁਆਰਾ ਅੰਤਸ਼ਕਰਣ ਰੂਪੀ ਖਾਣ ਵਿਚੋਂ ਬ੍ਰਹਮ ਵਿੱਦਿਆ ਰੂਪ ਚਿੰਤਾਮਣੀ ਪ੍ਰਾਪਤ ਕੀਤੀ ਹੈ। ਇਸ ਬ੍ਰਹਮ ਵਿੱਦਿਆ ਰੂਪੀ ਚਿੰਤਾਮਣੀ ਨੇ ਉਹਨਾਂ ਅੰਦਰ ਗਿਆਨ ਦਾ ਪ੍ਰਕਾਸ਼ ਕਰ ਦਿੱਤਾ ਹੈ। ਪ੍ਰਮੇਸ਼ਰ ਬਾਦਸ਼ਾਹ ਨੇ ਉਹਨਾਂ 'ਤੇ ਖੁਸ਼ ਹੋ ਕੇ ਕਿਹਾ ਕਿ ਆਉ ! ਹੁਣ ਤੁਸੀਂ ਮੇਰੇ ਸਰੂਪ ਰੂਪੀ ਤਖ਼ਤ ਤੇ ਬਿਰਾਜਣ ਦੇ ਲਾਇਕ ਹੋ ਤੇ ਤੁਹਾਨੂੰ ਹੁਣ ਰਾਜ ਬਖਸ਼ਿਆ ! ਪ੍ਰਕਾਸ਼ ਕੈਸਾ ਹੋਇਆ ਕਿ :—

ਯਥਾ— **ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥**
**ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ।** [ਬਿਲਾਵਲੁ ਮਹਲਾ ੫, ਅੰਗ ੮੪੬]

ਤਖਤ ਕੈਸਾ ਹੈ :—

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥** [ਰਾਮਕਲੀ ਕਬੀਰ ਜੀ, ਅੰਗ ੯੬੯]

ਇਸ ਪ੍ਰਕਾਰ ਕੀਰਤਨ ਭਗਤੀ ਕਰਕੇ ਪ੍ਰਮੇਸ਼ਰ ਵਿੱਚ ਅਭੇਦ ਹੋਈਦਾ ਹੈ :—

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥**
[ਸੋਰਠਿ ਮਹਲਾ ੫, ਅੰਗ ੬੪੨]

ਫਿਰ :—**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥**
[ਗਉੜੀ ਮਹਲਾ ੫, ਅੰਗ ੨੯੨]

ਬਾਕੀ ਸੰਸਾਰ ਦੇ ਜੀਵ ਪਾਪਾਂ ਨੂੰ ਕਰਦੇ ਹਨ ਤੇ ਸੁਖ ਨੂੰ ਭੀ ਚਾਹੁੰਦੇ ਹਨ। ਪਰ ਸੁਖ ਤਾਂ ਪ੍ਰਾਪਤ ਹੋਵੇਗਾ ਜੇਕਰ ਪਾਪ ਤੇ ਵਿਸ਼ੇ ਛੱਡ ਕੇ ਨਾਮ ਜਪਣਗੇ ਅਤੇ ਫਿਰ ਸੁਖ ਸਰੂਪ ਅਕਾਲ ਪੁਰਖ ਵੀ ਇਸੇ ਤਰ੍ਹਾਂ ਪ੍ਰਾਪਤ ਹੋਵੇਗਾ, ਨਹੀਂ ਤਾਂ ਲੋਕ ਐਵੇਂ ਹੀ ਝੱਖਾਂ ਮਾਰਦੇ ਹਨ।

ਯਥਾ— **ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥** [ਸਲੋਕ ਫਰੀਦ ਜੀ, ਅੰਗ ੧੩੭੯]

ਇਹ ਜੀਵ ਪਾਪਾਂ ਰੂਪੀ ਕਿੱਕਰਾਂ ਬੀਜਦਾ ਹੈ ਪਰ ਚਾਹੁੰਦਾ ਹੈ ਚਾਰੇ ਮੁਕਤੀਆਂ ਰੂਪੀ ਬਿਜੌਰ ਦੇਸ਼ ਦੀਆਂ ਦਾਖਾਂ ਅਤੇ ਸਕਾਮ ਕਰਮਾਂ ਰੂਪੀ ਉਂਨ ਕਤ ਕੇ ਬ੍ਰਹਮ ਗਿਆਨ ਰੂਪ ਰੇਸ਼ਮ ਦਾ ਬਸਤਰ ਹੰਢਾਉਣਾ ਚਾਹੁੰਦਾ ਹੈ ਪਰ ਇਹ ਹੋ ਨਹੀਂ ਸਕਦਾ। ਇਸ ਸ਼ਬਦ ਵਿੱਚ ਗੁਰ ਪ੍ਰਮੇਸ਼ਰ ਦੀ ਸ਼ਰਨ ਲੈਣ ਦਾ ਫਲ ਦਸਦੇ ਹਨ ਕਿ ਇਕ ਪ੍ਰਮੇਸ਼ਰ ਦੀ ਸ਼ਰਨ ਲੈਣਾ ਹੀ ਫਲੀ ਭੂਤ ਹੈ ਹੋਰ ਵੱਡੇ-ਵੱਡੇ ਰਾਜਿਆਂ ਤੇ ਦੇਵੀ ਦੇਵਤਿਆਂ ਦੀ ਸ਼ਰਨ ਪੈਣੇ ਕਰਕੇ ਲਾਭ ਨਹੀਂ ਹੁੰਦਾ ਹੈ ਕਿਉਂਕਿ ਉਹ ਤਾਂ ਆਪ ਹੀ ਭੈ ਦੇ ਵਿੱਚ ਹਨ :—

ਇਸ ਕਰਕੇ ਅਕਾਲ ਪੁਰਖ ਦੀ ਸ਼ਰਨ ਲੈਣ ਨਾਲ ਸਾਰੇ ਭੈ ਨਾਸ ਹੋ ਜਾਂਦੇ ਹਨ :—

ਯਥਾ— **ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥** [ਮਾਂਝ ਮਹਲਾ ੫, ਅੰਗ ੧੩੪]

ਉਸ ਪ੍ਰਮੇਸ਼ਰ ਦੇ ਸ਼ਰਨ ਰੂਪ ਪੱਲੇ ਲੱਗਣ ਤੇ ਉਹ ਫੇਰ ਜਮਦੂਤਾਂ ਨੂੰ ਬੰਨ੍ਹ ਕੇ ਨਹੀਂ ਦਿੰਦਾ ਭਾਵ ਜਮਾਂ ਦੇ ਹਵਾਲੇ ਨਹੀਂ ਕਰਦਾ ਜੋ ਲੋਕ ਦੰਡ, ਪਿਤਰ ਦੰਡ, ਦੇਵ ਦੰਡ, ਅਤੇ ਰਾਜ ਦੰਡ ਆਦਿ ਇਹਨਾਂ ਦੰਡਾਂ ਦੇ ਭੈ ਨਾਸ ਹੋ ਜਾਂਦੇ ਹਨ ਜਿਵੇਂ :—ਸਾਖੀ :—ਪ੍ਰਹਲਾਦ ਭਗਤ ਨੇ ਸ਼ਰਨ ਲਈ ਤਾਂ ਉਸ ਦੀ ਨਰਸਿੰਘ ਰੂਪ ਹੋ ਕੇ ਰਖਿਆ ਕੀਤੀ। ਸਾਖੀ :—ਧਰੂ ਨੇ ਸ਼ਰਨ ਲਈ ਤਾਂ ੩੬ ਹਜਾਰ ਸਾਲ ਰਾਜ ਤੇ ਅਟੱਲ ਪਦਵੀ ਬਖਸ਼ੀ। **ਸਾਖੀ** :—ਇਕ ਗਰੀਬ ਪਰਿਵਾਰ ਜਿਸਦੇ ਕਈ ਬੱਚੇ ਸਨ ਉਹਨਾਂ ਦਾ ਇਕ ਬੱਚਾ ਜੋ ਸਤਸੰਗੀ ਸੀ ਤੇ ਸੰਸਾਰੀ ਕੰਮ ਵੱਲ ਧਿਆਨ

PDF created with pdfFactory Pro trial version www.pdffactory.com

ਨਹੀਂ ਸੀ ਦਿੰਦਾ ਜਿਸ ਕਰਕੇ ਘਰ ਦੇ ਉਸਨੂੰ ਚੰਗਾ ਨਹੀਂ ਸਨ ਸਮਝਦੇ। ਉਸ ਦੇਸ ਦੇ ਰਾਜੇ ਦੇ ਉਲਾਦ ਨਹੀਂ ਸੀ। ਕਿਸੇ ਜੋਤਸ਼ੀ ਨੇ ਦੱਸਿਆ ਕਿ ਜੇ ਕੋਈ ਮਾਤਾ-ਪਿਤਾ ਖੁਸ਼ੀ ਨਾਲ ਆਪਣਾ ਪੁੱਤਰ ਦੇਵੀ ਦੀ ਭੇਟਾ ਦੇਣ ਲਈ ਦੇਵੇ ਤਾਂ ਤੇਰੇ ਪੁੱਤਰ ਹੋ ਸਕਦਾ ਹੈ ਤਾਂ ਰਾਜੇ ਨੇ ਸਾਰੇ ਦੇਸ਼ ਵਿੱਚ ਡੌਂਡੀ ਪਿਟਵਾ ਦਿੱਤੀ ਤਾਂ ਇਸ ਪਰਿਵਾਰ ਨੇ ਆਪਣੇ ਇਸ ਸਤਸੰਗੀ ਪੁੱਤਰ ਨੂੰ ਨਿਕੰਮਾ ਜਾਣ ਕੇ ਰਾਜੇ ਨੂੰ ਸਉਂਪ ਦਿੱਤਾ। ਦੂਜੇ ਦਿਨ ਜਦੋਂ ਉਸਦੀ ਬਲੀ ਦੇਣੀ ਸੀ ਤਾਂ ਉਸਦੀ ਆਖਰੀ ਇੱਛਾ ਪੁੱਛੀ ਤਾਂ ਉਸਨੇ ਕਿਹਾ ਕਿ ਮੈਂ ਇਸ਼ਨਾਨ ਕਰਨਾ ਹੈ ਤਾਂ ਰਾਜ ਮਹਿਲ ਦੇ ਨੇੜੇ ਇਕ ਨਦੀ ਵਗਦੀ ਸੀ ਪਹਿਰੇਦਾਰਾਂ ਦੇ ਨਾਲ ਉਸ ਨੂੰ ਇਸ਼ਨਾਨ ਲਈ ਭੇਜਿਆ ਗਿਆ ਤੇ ਰਾਜਾ ਮਹਲ 'ਤੇ ਚੜ੍ਹ ਕੇ ਵੇਖਦਾ ਰਿਹਾ ਉਸ ਲੜਕੇ ਨੇ ਇਸ਼ਨਾਨ ਕਰਕੇ ਨਦੀ ਦੇ ਕੰਢੇ ਰੇਤੇ ਦੀਆਂ ਚਾਰ ਢੇਰੀਆਂ ਬਣਾਈਆਂ ਪਹਿਲੀ-ਦੂਜੀ-ਤੀਜੀ ਢੇਰੀ ਤੇ ਹੱਥ ਰੱਖ ਕੇ ਰੋਇਆ ਤੇ ਲੱਤ ਮਾਰ ਕੇ ਢਾਹ ਦਿੱਤੀਆਂ। ਚੌਥੀ ਢੇਰੀ ਵੱਲ ਵੇਖਕੇ ਖੁਸ਼ ਹੋ ਗਿਆ ਤੇ ਉਸ ਦੀਆਂ ਪ੍ਰਕਰਮਾਂ ਕਰਨ ਲੱਗਾ ਰਾਜਾ ਇਹ ਵੇਖ ਕੇ ਹੈਰਾਨ ਹੋਇਆ ਤੇ ਕੋਲ ਆਕੇ ਪੁਛਿਆ ਕਿ ਇਹ ਤੂੰ ਕੀ ਕੌਤਕ ਕੀਤਾ ਹੈ ਤਾਂ ਲੜਕੇ ਨੇ ਕਿਹਾ ਕਿ ਹੇ ਰਾਜਾ ਹਰ ਆਦਮੀ ਦੇ ਚਾਰ ਆਸਰੇ ਹੁੰਦੇ ਹਨ ੧. ਮਾਤਾ ਪਿਤਾ ੨. ਰਾਜਾ ੩. ਦੇਵੀ-ਦੇਵਤੇ ੪. ਪ੍ਰਮੇਸ਼ਰ। ੧. ਮਾਤਾ ਪਿਤਾ ਨੇ ਮੈਨੂੰ ਪਕੜਾਇਆ ਤੇ ਮੈਂ ਪਹਿਲੀ ਢੇਰੀ ਢਾਹ ਦਿੱਤੀ। ੨. ਹੇ ਰਾਜਾ ਤੂੰ ਮੇਰੀ ਬਲੀ ਦੇਣੀ ਹੈ ਇਸ ਲਈ ਤੇਰੀ ਵੀ ਢਾਹ ਦਿੱਤੀ ਹੈ। ੩. ਦੇਵੀ ਨੇ ਮੇਰੀ ਭੇਟਾ ਲੈਣੀ ਹੈ ਉਸਦੀ ਢੇਰੀ ਢਾਹ ਕੇ ਮੈਂ ਰੋਇਆ ਹਾਂ। ੪. ਇਹ ਚੌਥੀ ਢੇਰੀ ਪ੍ਰਮੇਸ਼ਰ ਦੀ ਹੈ ਜਿਸਨੂੰ ਮੈਂ ਦੇਖ ਕੇ ਹੱਸਿਆ ਹਾਂ ਕਿ ਮੈਂ ਪ੍ਰਭੂ ਦੀ ਸ਼ਰਨ ਲਈ ਹੈ, ਉਹ ਮੇਰੀ ਰਖਿਆ ਕਰੇਗਾ। ਇਹ ਸੁਣ ਕੇ ਰਾਜਾ ਤੇ ਵਜੀਰ ਬਹੁਤ ਹੈਰਾਨ ਹੋਏ ਤੇ ਰਾਜੇ ਨੇ ਸੋਚਿਆ ਕਿ ਕੀ ਪਤਾ ਮੇਰੇ ਪੁੱਤਰ ਹੋਵੇਗਾ ਜਾਂ ਨਹੀਂ। ਪਰ ਇਹੋ ਜਿਹਾ ਲਾਇਕ ਪੁੱਤਰ ਨਹੀਂ ਮਿਲਣਾ। ਇਹ ਸੋਚ ਕੇ ਰਾਜੇ ਨੇ ਉਸਨੂੰ ਰਾਜ ਗੱਦੀ ਦੇ ਦਿੱਤੀ। ਇਸ ਤਰ੍ਹਾਂ ਪ੍ਰਭੂ ਦੀ ਸ਼ਰਨ ਲੈਣ ਕਰਕੇ ਸਾਰੇ ਭੈ ਨਾਸ਼ ਹੋ ਗਏ ਤੇ ਰਾਜ ਪ੍ਰਾਪਤ ਕਰ ਲਿਆ। ਇਸ ਤਰ੍ਹਾਂ ਪ੍ਰਭੂ ਸ਼ਰਨ ਲੈਣ ਕਰਕੇ ਕਾਲ ਦਾ, ਜਮਾਂ ਦਾ, ਬਿਕਾਰਾਂ ਦਾ, ਵੈਰੀਆਂ ਦਾ ਭੈ ਨਹੀਂ ਰਹਿੰਦਾ। ਫਿਰ ਗੁਰਾਂ ਦੀ ਸ਼ਰਣ ਤੱਕਣ ਵਾਲਿਆਂ ਦੇ ਸਾਰੇ ਅਗਿਆਨ ਦੇ ਦੁੱਖ, ਜਨਮ ਮਰਨ ਦੇ ਦੁੱਖ ਨਾਸ ਹੋ ਗਏ ਤੇ ਸੁਖ ਸਰੂਪ ਵਾਹਿਗੁਰੂ ਨੂੰ ਪ੍ਰਾਪਤ ਕਰ ਲਿਆ। ਐਸੇ ਪ੍ਰਮੇਸ਼ਰ ਦੇ ਨਾਮ ਦਾ ਬਹੁਤ ਹੀ ਮਹਾਤਮ ਹੈ।

ਯਥਾ— **ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ ਜਮੁ ਦੂਰਹੁ ਭਾਗੈ ॥**

[ਭੈਰਉ ਮਹਲਾ ੫, ਅੰਗ ੧੧੫੦]

## *ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥੧॥*

ਜੋ ਪ੍ਰਮੇਸ਼ਰ ਪਾਪਾਂ ਪੁੰਨਾਂ ਤੋਂ ਪਰ੍ਹੇ ਹੈ ਤੇ ਮਾਇਆ ਬਿਰਤੀ ਦੁਆਰਾ ਸਭ ਦਾ ਸੁਆਮੀ=ਮਾਲਕ ਹੈ ਉਹ ਐਸਾ ਪ੍ਰਭੂ ਜਦੋਂ ਦਇਆਲੂ ਹੋਇਆ ਤਾਂ ਅਸੀਂ ਪੂਰਨ ਗੁਰੂ ਨਾਨਕ ਦੇਵ ਜੀ ਨੂੰ ਧਿਆਇਆ ਹੈ।

## *ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥*

ਹੇ ਪ੍ਰਭੂ ਜੀ! ਤੂੰ ਸਾਡਾ ਮਾਇਆ ਬਿਰਤੀ ਦੁਆਰਾ ਮਾਲਕ ਹੈਂ ਅਤੇ ਹਰਿ ਤਰ੍ਹਾਂ ਕਰਕੇ ਦਾਤਾ ਹੈ। ਚਾਰ ਪ੍ਰਕਾਰ ਦੇ ਦਾਤੇ ਹਨ:—

ਯਥਾ— **ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥**
**ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥** [ਆਸਾ ਕੀ ਵਾਰ ੧, ਅੰਗ ੪੬੬]

ਆਪ ਹੀ ਉਤਮ ਦਾਤੇ ਹੋ ਕਰਕੇ ਸੂਖਮ ਅਸਥੂਲ ਦੇਹਾਂ ਬਖਸ਼ੀਆਂ ਹਨ ਤੇ ਬ੍ਰਹਮਾ ਵਿਸ਼ਨੂੰ ਸ਼ਿਵਜੀ ਆਦਿਕ ਅਵਤਾਰ ਭੀ ਆਪ ਦੇ ਮੰਗਤੇ ਹਨ।

PDF created with pdfFactory Pro trial version www.pdffactory.com

**ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਹੁ ਰੰਗਿ ਰਾਤਾ ॥ਰਹਾਉ॥**

ਹੇ ਸਮਰਥ ਪ੍ਰਭੂ ! ਗਰੀਬਾਂ 'ਤੇ ਦਇਆਲਤਾ ਕਰਨ ਵਾਲੇ ! ਸਾਡੇ ਉਤੇ ਕਿਰਪਾ ਕਰਨੀ ਕਰੋ ਤਾਂ ਕਿ ਅਸੀਂ ਪ੍ਰੇਮ ਦੇ ਰੰਗ ਵਿੱਚ ਰਾਤਾ=ਤਦਾਕਾਰ ਹੋ ਕੇ ਤੇਰੇ ਗੁਣਾਂ ਨੂੰ ਗਾਉਂਦੇ ਰਹੀਏ ਅਥਵਾ ਤੇਰੇ ਪ੍ਰੇਮ ਵਿੱਚ ਰੱਤੇ ਰਹੀਏ।

ਯਥਾ— **ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥** [ਸੂਹੀ ਮਹਲਾ ੫, ਅੰਗ ੭੬੨]

**ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥**

ਗੁਰਾਂ ਨੇ ਨਾਮ ਖਜਾਨਾ ਵਾ ਨਿਧੀਆਂ ਦਾ ਖਜਾਨਾ ਦ੍ਰਿੜ ਕਰਾ ਦਿੱਤਾ। ਸਾਰੇ ਲੋਕ ਪ੍ਰਲੋਕ ਦੀ ਚਿੰਤਾ ਵਿਸ਼ੇਸ਼ ਕਰਕੇ ਨਾਸ਼ ਕਰ ਦਿੱਤੀ ਹੈ। ਨੋਟ :—ਚਿਤ ਦੀ ਬਿਹਬਲ ਹਾਲਤ ਦਾ ਨਾਮ ਚਿੰਤਾ ਹੈ।

**ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥੨॥**

ਗੁਰੂ ਪ੍ਰਭੂ ਨੇ ਕਿਰਪਾ ਕਰਕੇ ਸਾਨੂੰ ਆਪਣਾ ਬਣਾਇਆ ਹੈ ਤੇ ਸਾਡੇ ਮਨ ਵਿੱਚ ਅਬਿਨਾਸੀ ਸਰੂਪ ਸਾਖਿਆਤ ਹੋ ਕੇ ਵਸਿਆ ਹੈ।

**ਤਾ ਕਉ ਬਿਘਨੁ ਨਾ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥**

ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਆਪਣੇ ਬਣਾ ਕੇ ਰਖਿਆ ਹੈ ਤਿਨ੍ਹਾਂ ਨੂੰ ਰਾਗ ਦ੍ਵੈਖ, ਕਾਮ ਕ੍ਰੋਧ ਆਦਿਕਾਂ ਦਾ ਬਿਘਨ ਨਹੀਂ ਲਗਦਾ ਉਹਨਾਂ ਦੀ ਬਿਰਤੀ ਇਕਾਗਰ ਹੋ ਕੇ ਸੁਖ ਸਰੂਪ ਵਿੱਚ ਜੁੜੀ ਰਹਿੰਦੀ ਹੈ।

**ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥੩॥**

ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਵਿੱਚ ਪ੍ਰਮੇਸ਼ਰ ਦੇ ਪੂਜਨੀਕ ਚਰਨ, ਕਵਲ ਵਤ ਨਿਰਲੇਪ ਰੱਖਣ ਵਾਲੇ ਵਸ ਗਏ ਹਨ ਉਹ ਹਰੀ ਦੇ ਨਾਮ ਅੰਮ੍ਰਿਤ ਰਸ ਨੂੰ ਧਾਰਨ ਕਰਦੇ ਹਨ, ਪ੍ਰੇਮ ਰਸ ਨੂੰ ਚੱਖਦੇ ਹਨ। ਉਹਨਾਂ ਨੂੰ ਗੁਰੂ ਜੀ ਸਿਖਿਆ ਦਾ ਦਾਨ ਦਿੰਦੇ ਹਨ।

**ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ ॥**

ਪ੍ਰਭ=ਪ੍ਰਭੂ ਜੀ ਗੁਰੂ ਰੂਪ ਧਾਰਨ ਕਰਕੇ ਆਪਣੇ ਸੇਵਕਾਂ ਦੀ ਸੇਵਾ ਕਰਦੇ ਹਨ :—

ਯਥਾ— **ਖਾਲਸਾ ਮੇਰੋ ਪਿੰਡ ਪਰਾਨ ॥ ਖਾਲਸਾ ਮੇਰੀ ਜਾਨ ਕੀ ਜਾਨ ॥**

... ... ... ... ... ...

**ਹੌਂ ਖਾਲਸੇ ਕੋ ਖਾਲਸਾ ਮੇਰੋ ॥ ਓਤ ਪੋਤਿ ਸਾਗਰ ਬੂੰਦੇਰੋ ॥** [ਸਰਬ ਲੋਹ ਪ੍ਰਕਾਸ਼]

**ਸਾਖੀ** :—ਜੋਗਾ ਸਿੰਘ ਦੇ ਗੁਰਸਿੱਖੀ ਜੀਵਨ ਨੂੰ ਕਾਇਮ ਰੱਖਣ ਲਈ ਗੁਰੂ ਜੀ ਨੇ ਆਪ ਸੇਵਾਦਾਰ ਹੋ ਕੇ ਪਹਿਰਾ ਦਿੱਤਾ ਵਾ :—ਹੇ ਭਾਈ ! ਆਪਣੇ ਪ੍ਰਭੂ ਦੀ ਸੇਵਕ ਭਾਵ ਧਾਰ ਕੇ ਸੇਵਾ ਕਰੋ ਵਾ : ਨਾਮ ਜਪਣ ਜਪਾਉਣ ਦੀ ਸੇਵਾ ਕਰੋ। ਸੇਵਕ ਕਈ ਪ੍ਰਕਾਰ ਦੇ ਹੁੰਦੇ ਹਨ :—

੧. ਇਸਤ੍ਰੀ ਦਾ ਸੇਵਕ ੨. ਤਨ ਦਾ ਸੇਵਕ ੩. ਧਨ ਦਾ ਸੇਵਕ ੪. ਮਨ ਦਾ ਸੇਵਕ

੧. ਇਸਤ੍ਰੀ ਦਾ ਸੇਵਕ :—ਪਤਨੀ ਦੇ ਆਖੇ ਲੱਗਣ ਵਾਲਾ ਪੁਰਸ਼ ਮਾਤਾ-ਪਿਤਾ ਦੀ ਸੇਵਾ ਨਹੀਂ ਕਰ ਸਕਦਾ ਕਿਉਂਕਿ ਜਿਵੇਂ ਪਤਨੀ ਕਹਿੰਦੀ ਹੈ ਉਸੇ ਤਰ੍ਹਾਂ ਹੀ ਕਰਦਾ ਹੈ :—

ਯਥਾ— **ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥**

[ਗਉੜੀ ਕੀ ਵਾਰ ਮਹਲਾ ੪, ਅੰਗ ੩੦੪]

PDF created with pdfFactory Pro trial version www.pdffactory.com

੨. ਸਰੀਰ ਦਾ ਸੇਵਕ ਸੰਗਤ ਦੇ ਸੇਵਾ ਨਹੀਂ ਕਰ ਸਕਦਾ ਕਿਉਂਕਿ ਹਰ ਸਮੇਂ ਸਰੀਰ ਦੀ ਪੋਚਾ-ਪਾਚੀ, ਨਹਾਉਣ-ਧੋਣ ਵਿੱਚ ਲੱਗਾ ਰਹੇਗਾ।

੩. ਧਨ ਦਾ ਜੋ ਸੇਵਕ ਹੈ ਉਹ ਹਰ ਵੇਲੇ ਮਾਇਆ ਦਾ ਪੁਤਲਾ ਬਣ ਕੇ ਮਾਇਆ ਹੀ ਇਕੱਤਰ ਕਰਦਾ ਰਹਿੰਦਾ ਹੈ, ਉਹ ਦੇਸ਼ ਸੇਵਕ ਨਹੀਂ ਬਣ ਸਕਦਾ ਤੇ ਦੇਸ਼ ਕੌਮ ਦੇ ਭਲੇ ਲਈ ਧਨ ਖਰਚ ਨਹੀਂ ਕਰ ਸਕਦਾ।

੪. ਮਨ ਦਾ ਸੇਵਕ ਜੋ ਆਪਣੇ ਮਨ ਦੀ ਮੱਤ ਅਨੁਸਾਰ ਚਲਦਾ ਹੈ ਉਹ ਗੁਰੂ ਪ੍ਰਮੇਸ਼ਰ-ਸੰਗਤ ਦੀ ਸੇਵਾ ਨਹੀਂ ਕਰ ਸਕਦਾ ਕਿਉਂਕਿ ਮਨ ਦੇ ਆਖੇ ਲੱਗ ਕੇ ਉਹ ਪੁਰਸ਼ ਖਿੱਚਾ-ਖਿੱਚੀ ਵਿੱਚ ਲੱਗਾ ਰਹੇਗਾ। ਗੁਰਾਂ ਦੇ ਸੱਤ ਬਚਨ ਦਾ ਅਧਿਕਾਰੀ ਨਹੀਂ ਹੋ ਸਕਦਾ।

ਯਥਾ— **ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥** [ਸਿਰੀਰਾਗੁ ਮਹਲਾ ੫, ਅੰਗ ੫੧]

ਮਾਨ ਕਰਾਉਣ ਦੀ ਇਛਾ ਹੋਵੇ ਤੇ ਮਗਰੂਰੀ ਹੋਵੇ ਉਹ ਪੁਰਸ਼ ਆਪਣੇ ਆਪ ਨੂੰ ਗੁਰੂ ਦਾ ਸੇਵਕ ਨਹੀਂ ਕਹਾ ਸਕਦਾ। ਆਸੁਰੀ ਸੰਪਦਾ ਦਾ ਤਿਆਗ ਕਰਕੇ ਦੈਵੀ ਸੰਪਦਾ ਦੇ ਸੁਭ ਗੁਣਾਂ ਨੂੰ ਗ੍ਰਹਿਣ ਕਰੇ, ਅਕਾਲ ਪੁਰਖ ਦੇ ਪਰਾਇਣ ਰਹਿਕੇ ਅਠੇ ਪਹਰ ਜਾਪ ਕਰੇ ਉਹ ਗੁਰਾਂ ਦਾ ਸੇਵਕ ਕਹਾ ਸਕਦਾ ਹੈ :—

ਯਥਾ— **ਸੇਵਕੁ ਅਪਨੀ ਲਾਇਓ ਸੇਵ ॥** [ਬਿਲਾਵਲੁ ਮਹਲਾ ੫, ਅੰਗ ੮੦੧]

ਇਸ ਕਰਕੇ ਸੇਵਾ ਭਾਵ ਨੂੰ ਧਾਰ ਕੇ ਪ੍ਰਮੇਸ਼ਰ ਦੀ ਸੇਵਾ ਕਰੋ ਜਿਸ ਪ੍ਰਮੇਸ਼ਰ ਨੇ ਮਨ ਦੀ ਪ੍ਰਾਪਤੀ ਅਤੇ ਗੁਰੂ ਦੀ ਪ੍ਰਾਪਤੀ ਰੂਪੀ ਇਛਾ ਪੂਰੀਆਂ ਕੀਤੀਆਂ ਹਨ।

## ***ਨਾਨਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ ॥੪॥੧੪॥੨੪॥***

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਭਾਈ! ਤਿਸ ਪ੍ਰਮੇਸ਼ਰ ਵਾ ਤਿਸ ਗੁਰੂ ਰਾਮਦਾਸ ਜੀ ਤੋਂ ਕੁਰਬਾਨ ਜਾਣਾ ਕਰੀਏ ਜਿਨਾਂ ਨੇ ਪੂਰਨ ਰੂਪ ਵਿੱਚ ਆਪਣੇ ਦਾਸ=ਸੇਵਕਾਂ ਦੀ ਲੱਜਿਆ ਰੱਖੀ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com